# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 26-10-2024**

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ- ਦੇਸ਼ ਦੇ ਸਰਵਪੱਖੀ ਵਿਕਾਸ ਲਈ, ਕਬਾਇਲੀ ਲੋਕਾਂ ਦੀ ਸਰਗਰਮ ਭਾਗੀਦਾਰੀ ਜ਼ਰੂਰੀ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੱਲ ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿਚ, ਦੇਸ਼ ਵਿਦੇਸ਼ 'ਚ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਪੰਜਾਬ ਰਾਜ ਭਵਨ ਵਿਖੇ ਜੈਨ ਧਰਮ ਦੇ 24ਵੇਂ ਤੀਰਥੰਕਰ, ਭਗਵਾਨ ਮਹਾਵੀਰ ਦੀ 2550ਵੀਂ ਨਿਰਵਾਣ ਵਰ੍ਹੇਗੰਢ ਦੇ ਸਨਮਾਨ ਵਿੱਚ ਰਾਸ਼ਟਰੀ ਗੋਸ਼ਟੀ ਦਾ ਆਯੋਜਨ।
- ਪੰਜਾਬ ਵਿਜੀਲੈਂਸ ਬਿਊਰੋ ਨੇ,ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਪ੍ਰਾਜੈਕਟ ਦੇ ਜ਼ਮੀਨ ਮੁਆਵਜ਼ੇ ਸਬੰਧੀ ਘੁਟਾਲੇ 'ਚ, ਸ੍ਰੀ

ਮੁਕਤਸਰ ਸਾਹਿਬ ਦੇ ADC ਸੁਰਿੰਦਰ ਢਿੱਲੋਂ ਨੂੰ ਕੀਤਾ ਗ੍ਰਿਫ਼ਤਾਰ।

-------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਏ ਕਿ ਕਬਾਇਲੀ ਲੋਕ, ਕੁਦਰਤੀ ਜੀਵਨ ਸ਼ੈਲੀ ਰਾਹੀਂ ਇਕੱਤਰ ਕੀਤੇ ਗਿਆਨ ਦਾ ਭੰਡਾਰ ਨੇ। ਰਾਸ਼ਟਰਪਤੀ ਅੱਜ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ-ਭਿਲਾਈ ਦੇ ਕਨਵੋਕੇਸ਼ਨ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਕਬਾਇਲੀ ਲੋਕਾਂ ਦੀ ਜੀਵਨ ਸ਼ੈਲੀ ਤੋਂ ਸਿੱਖ ਕੇ ਦੇਸ਼ ਦੇ ਪਾਏਦਾਰ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਜਾ ਸਕਦਾ ਏ। ਉਨ੍ਹਾਂ ਕਿਹਾ ਕਿ ਦੇਸ਼ ਦਾ ਸਰਵਪੱਖੀ ਵਿਕਾਸ ਤਾਂ ਹੀ ਸੰਭਵ ਏ ਜਦੋਂ ਵਿਕਾਸ ਕਾਰਜਾਂ ਵਿੱਚ ਕਬਾਇਲੀ ਲੋਕਾਂ ਦੀ ਸਰਗਰਮ ਸ਼ਮੂਲੀਅਤ ਹੋਵੇ। BYTE:

-------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੱਲ ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿਚ, ਦੇਸ਼ ਵਿਦੇਸ਼ 'ਚ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। 'ਮਨ ਕੀ ਬਾਤ' ਪ੍ਰੋਗਰਾਮ ਆਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਸਮੁੱਚੇ ਨੈੱਟਵਰਕਾਂ , ਆਕਾਸ਼ਵਾਣੀ ਖਬਰਾਂ ਦੀ ਵੈਬਸਾਈਟ ਅਤੇ NEWSONAIR ਮੋਬਾਈਲ ਐਪ 'ਤੇ ਪ੍ਰਸਾਰਿਤ

ਕੀਤਾ ਜਾਵੇਗਾ । AIR ਨਿਊਜ਼, DD ਨਿਊਜ਼, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਯੂ ਟਿਊਬ ਚੈਨਲਾਂ 'ਤੇ ਵੀ ਮਨ ਕਿ ਬਾਤ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ । ਆਕਾਸ਼ਵਾਣੀ, ਹਿੰਦੀ ਪ੍ਰਸਾਰਣ ਤੋਂ ਤੁਰੰਤ ਬਾਅਦ ਪ੍ਰੋਗਰਾਮ ਦਾ ਖੇਤਰੀ ਭਾਸ਼ਾਵਾਂ ਵਿੱਚ ਪ੍ਰਸਾਰਣ ਕਰੇਗਾ ।

----------------------------------------------------------------

ਸੜਕ ਸੁਰੱਖਿਆ ਨੂੰ ਵਧਾਉਣ ਅਤੇ ਖਪਤਕਾਰਾਂ ਨੂੰ ਮਾੜੀ ਗੁਣਵੱਤਾ ਵਾਲੇ ਹੈਲਮੇਟ ਖਰੀਦਣ ਤੋਂ ਬਚਾਉਣ ਲਈ, ਭਾਰਤ ਸਰਕਾਰ ਦੇ ਖਪਤਕਾਰ ਮਾਮਲਿਆਂ ਦੇ ਵਿਭਾਗ ਨੇ, ਸਾਰੇ ਡਿਪਟੀ ਕਮਿਸ਼ਨਰਾਂ ਅਤੇ ਜ਼ਿਲ੍ਹਾ ਮੈਜਿਸਟਰੇਟਾਂ ਨੂੰ, ਬਿਨਾ BIS ਮਾਰਕਾ ਵਾਲੇ ਗੈਰ-ਅਨੁਕੂਲ ਹੈਲਮੇਟ ਵੇਚਣ ਵਾਲੇ ਨਿਰਮਾਤਾਵਾਂ ਅਤੇ ਪ੍ਰਚੂਨ ਵਿਕਰੇਤਾਵਾਂ ਖਿਲਾਫ, ਇੱਕ ਦੇਸ਼ ਵਿਆਪੀ ਮੁਹਿੰਮ ਸ਼ੁਰੂ ਕਰਨ ਲਈ ਲਿਖਿਆ ਏ । ਇਹ ਪਹਿਲਕਦਮੀ, ਬਾਜ਼ਾਰ ਵਿੱਚ ਉਪਲਬਧ ਹੈਲਮੇਟਾਂ ਦੀ ਗੁਣਵੱਤਾ ਅਤੇ ਸੜਕ 'ਤੇ ਜਾਨਾਂ ਦੀ ਰਾਖੀ ਵਿੱਚ ਉਹਨਾਂ ਦੀ ਅਹਿਮ ਭੂਮਿਕਾ ਨੂੰ ਲੈ ਕੇ ਵਧ ਰਹੀਆਂ ਚਿੰਤਾਵਾਂ ਵਜੋ ਕੀਤੀ ਗਈ ਏ । ਇਹ ਵੇਖਿਆ ਗਿਆ ਏ ਕਿ ਬੀ.ਆਈ.ਐਸ ਸਰਟੀਫਿਕੇਟ ਤੋਂ ਬਿਨਾ, ਮਾੜੀ ਗੁਣਵੱਤਾ ਦੇ ਹੈਲਮੇਟ ਸੜਕਾਂ ਦੇ ਕਿਨਾਰੇ ਵੇਚੇ ਜਾ ਰਹੇ ਨੇ ਜੋ ਕਿ ਸੁਰੱਖਿਆ ਦੇ ਮਿਆਰ ਨੂੰ ਪੂਰਾ ਨਹੀਂ ਕਰਦੇ। ਅਜਿਹੇ ਹੈਲਮੇਟ ਵੇਚਣਾ ਜਨਤਕ

ਸੁਰੱਖਿਆ ਲਈ ਗੰਭੀਰ ਖਤਰਾ ਪੈਦਾ ਕਰਦਾ ਏ ਅਤੇ ਸੜਕ ਹਾਦਸਿਆਂ ਵਿੱਚ ਬਹੁਤ ਸਾਰੀਆਂ ਮੌਤਾਂ ਦਾ ਕਾਰਣ ਵੀ ਬਣਦਾ ਏ । ਮੰਤਰਾਲੇ ਨੇ BIS ਲਾਇਸੈਂਸਾਂ ਤੋਂ ਬਿਨਾਂ ਕੰਮ ਕਰਨ ਵਾਲੇ ਜਾਂ ਨਕਲੀ ISI ਮਾਰਕ ਦੀ ਵਰਤੋਂ ਕਰਨ ਵਾਲੇ ਨਿਰਮਾਤਾਵਾਂ ਦੇ ਖਿਲਾਫ, ਸਖਤ ਕਾਰਵਾਈ ਕਰਨ ਲਈ ਕਿਹਾ ਏ । ਹੈਲਮੇਟ ਖਰੀਦਣ ਵਾਲੇ ਖਪਤਕਾਰ BIS ਕੇਅਰ ਐਪ ਰਾਹੀਂ ਜਾਂ BIS ਵੈੱਬਸਾਈਟ 'ਤੇ ਜਾ ਕੇ ਇਹ ਪ੍ਰਸ਼ਟੀ ਕਰ ਸਕਦੇ ਨੇ ਕਿ, ਕੀ ਹੈਲਮੇਟ ਨਿਰਮਾਤਾ BIS ਦੁਆਰਾ ਲਾਇਸੰਸਸ਼ੁਦਾ ਏ ਜਾਂ ਨਹੀਂ । ਇਹ ਪਹਿਲਕਦਮੀ ਖਪਤਕਾਰਾਂ ਦੀ ਸੁਰੱਖਿਆ ਅਤੇ ਸੜਕ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਏ।

---------------------------------------------------------

ਚੰਡੀਗੜ੍ਹ ਸਥਿਤ ਪੰਜਾਬ ਰਾਜ ਭਵਨ ਵਿਖੇ ਅੱਜ ਜੈਨ ਧਰਮ ਦੇ 24ਵੇਂ ਤੀਰਥੰਕਰ, ਭਗਵਾਨ ਮਹਾਵੀਰ ਦੀ 2550ਵੀਂ ਨਿਰਵਾਣ ਵਰ੍ਹੇਗੰਢ ਦੇ ਸਨਮਾਨ ਵਿੱਚ "ਗਲੋਬਲ ਪੀਸ ਐਂਡ ਡਿਵੈਲਪਮੈਂਟ ਥ੍ਰੂ ਦਾ ਫਿਲਾਸਫੀ ਆਫ ਲਾਰਡ ਮਹਾਵੀਰ" ਸਿਰਲੇਖ ਵਾਲੀ ਰਾਸ਼ਟਰੀ ਗੋਸ਼ਟੀ ਕਾਰਵਾਈ ਗਈ ।ਇਸ ਮੌਕੇ ਪਤਵੰਤਿਆਂ, ਵਿਦਵਾਨਾਂ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ ।ਇਸਦਾ ਉਦੇਸ਼ ਅਜੋਕੇ ਸਮੇਂ ਦੀਆਂ ਆਲਮੀ ਚੁਣੌਤੀਆਂ ਨਾਲ ਨਜਿੱਠਣ ਲਈ ਭਗਵਾਨ ਮਹਾਵੀਰ ਦੀਆਂ ਅਹਿੰਸਾ, ਦਇਆ ਅਤੇ

ਸਥਿਰਤਾ ਦੀਆਂ ਸਿੱਖਿਆਵਾਂ ਦੀ ਡੂੰਘੀ ਸਾਰਥਕਤਾ ਦੀ ਪੜਚੋਲ ਕਰਨ ਲਈਵਿਚਾਰਵਾਨ ਆਗੂਆਂ ਨੂੰ ਇਕੱਠਾ ਕਰਨਾ ਏ ।ਸਮਾਗਮ ਵਿਚ ਆਪਣੇ ਸੰਬੋਧਨ ਦੌਰਾਨ, ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ, "ਭਗਵਾਨ ਮਹਾਵੀਰ ਦੀਆਂ ਅਹਿੰਸਾ ਅਤੇ ਦਇਆ ਦੀਆਂ ਸਿੱਖਿਆਵਾਂ ਵਿੱਚ ਅੱਜ ਦੀਆਂ ਸੰਸਾਰਕ ਚੁਣੌਤੀਆਂ ਦਾ ਹੱਲ ਨੇ ਅਤੇ ਸਿੱਖਿਆਵਾਂ ਮੁਤਾਬਿਕ ਇੱਕ ਪਰਿਵਾਰ ਸ਼ਾਂਤੀ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦਾ । ਰਾਜਪਾਲ ਨੇ ਜੈਨ ਭਾਈਚਾਰੇ ਅਤੇ ਅਹਿੰਸਾ ਵਿਸ਼ਵ ਭਾਰਤੀ ਨੂੰ ਵਿਸ਼ਵ ਭਰ ਵਿੱਚ ਮਹਾਵੀਰ ਦੇ ਫਲਸਫੇ ਦਾ ਪ੍ਰਚਾਰ ਕਰਨ ਦੇ ਲਗਾਤਾਰ ਯਤਨਾਂ ਲਈ ਵਧਾਈ ਦਿੱਤੀ। ਇਸ ਮੌਕੇ ਵਾਤਾਵਰਣ ਦੀ ਸੰਭਾਲ, ਸਮਾਜਿਕ ਨਿਆਂ ਅਤੇ ਵਿਸ਼ਵ ਸ਼ਾਂਤੀ ਵਰਗੇ ਮੁੱਦਿਆਂ ਦੇ ਹੱਲ ਵਿੱਚ ਯੋਗਦਾਨ ਪਾਉਣ ਬਾਰੇ ਚਰਚਾ ਕੀਤੀ ਗਈ । ਇਹ ਕਦਰਾਂ-ਕੀਮਤਾਂ, ਭਾਰਤੀ ਦਰਸ਼ਨ ਵਿੱਚ ਡੂੰਘੇ ਰੂਪ ਵਿੱਚ ਸ਼ਾਮਲ ਹਨ, ਕੁਦਰਤ ਅਤੇ ਸਾਰੇ ਜੀਵਾਂ ਪ੍ਰਤੀ ਇੱਕ ਸੰਤੁਲਿਤ ਅਤੇ ਹਮਦਰਦ ਪਹੁੰਚ 'ਤੇ ਜ਼ੋਰ ਦਿੰਦੀਆਂ ਹਨ। ਰਾਜਪਾਲ ਨੇ ਆਚਾਰੀਆ ਲੋਕੇਸ਼ ਮੁਨੀ ਦੀ ਅਗਵਾਈ ਹੇਠ ਗੁਰੂਗ੍ਰਾਮ ਵਿੱਚ ਭਾਰਤ ਦੇ ਪਹਿਲੇ ਵਿਸ਼ਵ ਸ਼ਾਂਤੀ ਕੇਂਦਰ ਦੀ ਸਥਾਪਨਾ 'ਤੇ ਮਾਣ ਪ੍ਰਗਟ ਕੀਤਾ। ਇਸ ਕੇਂਦਰ ਦੀ ਕਲਪਨਾ ਮਹਾਵੀਰ ਦੇ ਸ਼ਾਂਤੀ, ਅਹਿੰਸਾ, ਅਤੇ ਭਾਰਤੀ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ

ਵਿਸ਼ਵ ਪੱਧਰ 'ਤੇ ਵਧਾਉਣ ਲਈ ਕੀਤੀ ਗਈ ਏ । ਰਾਜਪਾਲ ਨੇ ਸਾਰਿਆਂ ਨੂੰ ਆਪਣੇ ਜੀਵਨ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਸ਼ਾਮਲ ਕਰਨ ਅਤੇ ਇੱਕ ਅਜਿਹੇ ਸਮਾਜ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਕੀਤੀ ਜੋ ਆਪਸੀ ਸਤਿਕਾਰ ਅਤੇ ਸਮੂਹਿਕ ਭਲਾਈ 'ਤੇ ਪ੍ਰਫੁੱਲਤ ਹੋਵੇ । ਇਸ ਮੌਕੇ ਐਡੀਸ਼ਨਲ ਸਾਲਿਸਿਟਰ ਜਨਰਲ ਸੱਤਿਆ ਪਾਲ ਜੈਨ , ਪ੍ਰਸ਼ਾਸ਼ਕ ਦੇ ਸਲਾਹਕਾਰ ਰਾਜੀਵ ਵਰਮਾ ਸਮੇਤ ਹੋਰ ਪਤਵੰਤੇ ਵੀ ਮੌਜੂਦ ਰਹੇ ।

---------------------------------------------------------------------

ਜਲੰਧਰ ਸਥਿਤ ਡੀ. ਏ. ਵੀ. ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਵਿਖੇ, 2 ਪੰਜਾਬ ਐੱਨ.ਸੀ.ਸੀ ਬਟਾਲੀਅਨ ਦੀ ਅਗਵਾਈ ਹੇਠ, ਗਣਤੰਤਰ ਦਿਵਸ ਦੀ ਤਿਆਰੀ ਬਾਰੇ, 10 ਰੋਜ਼ਾ ਤੀਜਾ ਅਤੇ ਸਾਂਝਾਂ ਸਾਲਾਨਾ ਕੈਂਪ ਸਮਾਪਤ ਹੋ ਗਿਆ । ਕੈਂਪ ਕਮਾਂਡੈਂਟ ਕਰਨਲ ਵਿਨੋਦ ਜੋਸ਼ੀ ਨੇ ਦਸਿਆ ਕਿ ਰਾਤ ਅਤੇ ਦਿਨ ਦੇ ਕੈਂਪ ਵਿੱਚ 600 ਐੱਨ.ਸੀ.ਸੀ ਕੈਡਿਟਾਂ ਨੇ ਫੌਜੀ ਸਿਖਲਾਈ ਅਤੇ ਐੱਨ.ਸੀ.ਸੀ ਪਾਠਕ੍ਰਮ ਨੂੰ ਡੂੰਘਾਈ ਨਾਲ ਸਿੱਖਿਆ ਅਤੇ ਇਸ ਨੂੰ ਜੀਵਨ ਵਿੱਚ ਅਪਣਾਉਣ ਦਾ ਸੰਕਲਪ ਲਿਆ ।ਕੈਂਪ ਦੌਰਾਨ ਪ੍ਰਾਪਤ ਸਿਖਲਾਈ ਬਾਰੇ ਕੈਡਿਟਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ । BYTE: ਕੈਂਪ ਵਿਚ ਇੰਟਰ ਕੰਪਨੀ ਡਰਿੱਲ ਅਤੇ ਵੱਖ-ਵੱਖ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ ਅਤੇ

ਜੇਤੂ ਟੀਮਾਂ ਅਤੇ ਕੈਡਿਟਾਂ ਨੂੰ ਸਨਮਾਨਿਤ ਕੀਤਾ ਗਿਆ । ਡੀ.ਏ.ਵੀ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਸੁਧੀਰ ਸ਼ਰਮਾ ਅਤੇ 2 ਪੰਜਾਬ ਐੱਨ.ਸੀ.ਸੀ ਗਰਲਜ਼ ਬਟਾਲੀਅਨ ਦੇ ਕਮਾਂਡਿੰਗ ਅਫ਼ਸਰ, ਕਰਨਲ MS ਸਚਦੇਵ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸਨ। ਉਨ੍ਹਾਂ ਨੇ ਦਸ ਰੋਜ਼ਾ ਐੱਨਸੀਸੀ ਕੈਂਪ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਕੀਤਾ। ਕਰਨਲ ਵਿਨੋਦ ਜੋਸ਼ੀ ਨੇ ਪ੍ਰੇਰਿਤ ਕਰਦਿਆਂ ਕਿਹਾ ਕਿ ਹਰ ਕੈਡਿਟ ਹਥਿਆਰਾਂ ਦੀ ਮਸ਼ਕ, ਡ੍ਰਿਲ ਦੀ ਮਸ਼ਕ, ਅਤੇ ਹਥਿਆਰਾਂ ਨੂੰ ਖੋਲਣ ਤੇ ਜੋੜਨ ਦੀ ਮਸ਼ਕ ਵਿੱਚ ਸੁਧਾਰ ਕਰੇ ਤਾਂ ਜੋ ਉਹ ਐੱਨ ਸੀ ਸੀ ਪ੍ਰੀਖਿਆਵਾਂ ਵਿੱਚ ਵਧੀਆ ਪ੍ਰਦਰਸ਼ਨ ਕਰ ਸਕਣ। ਕਰਨਲ ਜੋਸ਼ੀ ਨੇ ਕਿਹਾ ਕਿ ਗਣਤੰਤਰ ਦਿਵਸ ਦੇ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਕੈਡਿਟਾਂ ਦਾ ਚੁਣਿਆ ਜਾਣਾ ਸਾਡੇ ਲਈ ਮਾਣ ਵਾਲੀ ਗੱਲ ਹੋਵੇਗੀ ।

---------------------------------------------------------

ਪੰਜਾਬ ਵਿਜੀਲੈਂਸ ਬਿਊਰੋ ਨੇ, ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਪ੍ਰਾਜੈਕਟ ਦੇ ਜ਼ਮੀਨ ਮੁਆਵਜ਼ੇ ਸਬੰਧੀ ਘੁਟਾਲੇ 'ਚ, ਸ੍ਰੀ ਮੁਕਤਸਰ ਸਾਹਿਬ ਦੇ ADC ਸੁਰਿੰਦਰ ਢਿੱਲੋਂ ਨੂੰ ਗ੍ਰਿਫ਼ਤਾਰ ਕੀਤਾ ਏ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਟਿਆਲਾ ਦੇ ਤਤਕਾਲੀ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ ਸੁਰਿੰਦਰ ਢਿੱਲੋਂ ਖ਼ਿਲਾਫ਼ ਭ੍ਰਿਸ਼ਟਾਚਾਰ

ਰੋਕਣ ਬਾਰੇ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ । ਇਹ ਦੋਸ਼ ਅੰਮ੍ਰਿਤਸਰ-ਕੋਲਕਾਤਾ ਕੌਰੀਡੋਰ ਪ੍ਰਾਜੈਕਟ ਲਈ, ਪਟਿਆਲਾ ਜ਼ਿਲ੍ਹੇ ਦੇ ਪਿੰਡ ਆਕੜੀ, ਸੇਹਰਾ, ਸੇਹਰੀ, ਤਖਤੂ-ਮਾਜਰਾ ਅਤੇ ਪੱਬਰਾ ਦੀ ਐਕੁਆਇਰ ਕੀਤੀ ਗਈ ਇਕ ਹਜ਼ਾਰ 103 ਏਕੜ ਜ਼ਮੀਨ ਸਬੰਧੀ ਜਾਰੀ ਕੀਤੇ ਗਏ 285 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵਿੱਚ ਘਪਲਾ ਕਰਨ ਅਤੇ ਡਿਊਟੀ ਸਹੀ ਢੰਗ ਨਾਲ ਨਿਭਾਉਣ ਵਿੱਚ ਨਾਕਾਮ ਰਹਿਣ ਨਾਲ ਸਬੰਧਤ ਨੇ ਜਾਂਚ ਦੌਰਾਨ ਸਾਹਮਣੇ ਆਇਆ ਕਿ ਅਲਾਟ ਕੀਤੇ ਗਏ ਫੰਡਾਂ ਦਾ 30 ਫੀਸਦ ਬੀ.ਡੀ.ਪੀ.ਓ. ਦਫ਼ਤਰ ਦੇ ਸਕੱਤਰ, ਤਨਖਾਹਾਂ ਦੇ ਖਾਤੇ ਵਿੱਚ ਜਮ੍ਹਾਂ ਹੋਣਾ ਸੀ, ਜੋ ਕਿ ਸਹੀ ਢੰਗ ਨਾਲ ਨਹੀਂ ਕਰਵਾਇਆ ਗਿਆ। ਜ਼ਿਕਰਯੋਗ ਏ ਕਿ ਇਸ ਤੋਂ ਪਹਿਲਾਂ ਜਾਂਚ ਦੌਰਾਨ, ਇਨ੍ਹਾਂ ਪਿੰਡਾਂ ਦੇ ਕੁਝ ਸਰਪੰਚਾਂ ਅਤੇ ਪੰਚਾਇਤ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ । ਇਸ ਤੋਂ ਇਲਾਵਾ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਸਮੇਤ ਉਨ੍ਹਾਂ ਦੇ ਪੁੱਤਰ ਅਤੇ ਸਾਥੀਆਂ ਨੂੰ ਵੀ ਪੁੱਛ-ਗਿੱਛ ਦੌਰਾਨ ਮਾਮਲੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤਾ ਗਿਆ ਸੀ ।ਵਿਜੀਲੈਂਸ ਟੀਮ ਵਲੋਂ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਏ

-----------------------------------------------------------

ਅੰਮ੍ਰਿਤਸਰ ਵਿੱਚ ਹੁਣ ਤੱਕ ਡੇਂਗੂ ਦੇ 30 ਅਤੇ ਚਿਕਨ ਗੁਣੀਆ ਦੇ 23 ਮਾਮਲੇ ਸਾਹਮਣੇ ਆਏ ਨੇ ।ਸਿਹਤ ਪ੍ਰਸ਼ਾਸਨ ਦੇ ਵੱਲੋਂ ਜ਼ਿਲੇ ਦੇ

ਸਿਵਲ ਹਸਪਤਾਲ ਵਿੱਚ 6 ਬਿਸਤਰਿਆਂ ਦਾ ਡੇਂਗੂ ਵਾਰਡ ਬਣਾਇਆ ਗਿਆ ਅਤੇ ਸਾਰਾ ਇਲਾਜ ਮੁਫਤ ਕੀਤਾ ਜਾ ਰਿਹਾ ਏ। ਐਸ.ਐਮ.ਓ ਡਾਕਟਰ ਰਸ਼ਮੀ ਵਿਜ ਨੇ ਦੱਸਿਆ ਸਿਹਤ ਪ੍ਰਸ਼ਾਸਨ ਵੱਲੋਂ ਹੁਣ ਤੱਕ 8 ਲੱਖ 4 ਹਜ਼ਾਰ 144 ਘਰਾਂ ਦੇ ਸੈਂਪਲ ਲਏ ਗਏ ਨੇ, ਜਿਨਾਂ ਵਿੱਚੋਂ 2934 ਘਰਾਂ ਦੇ ਵਿੱਚ ਡੇਂਗੂ ਦਾ ਲਾਰਵਾ ਪਾਇਆ ਗਿਆ ਏ , ਅਤੇ ਹੁਣ ਤੱਕ 346 ਘਰਾਂ ਦੇ ਚਲਾਨ ਕੱਟੇ ਜਾ ਚੁੱਕੇ ਨੇ, ਅਤੇ 588 ਘਰਾਂ ਨੂੰ ਚਿਤਾਵਨੀ ਦੇ ਦਿੱਤੀ ਗਈ ਏ। ਸਿਹਤ ਪ੍ਰਸ਼ਾਸਨ ਵੱਲੋਂ ਅੰਮ੍ਰਿਤਸਰ ਸ਼ਹਿਰੀ ਦੇ ਵਿੱਚ 15 ਟੀਮਾਂ ਲਾਈਆਂ ਗਈਆਂ ਨੇ ਜੋ ਲੋਕਾਂ ਨੂੰ ਲਗਾਤਾਰ ਡੇਂਗੂ ਨੂੰ ਲੈ ਕੇ ਜਾਗਰੂਕ ਕਰ ਰਹੀਆਂ।

---------------------------------------------------------------

ਜਲੰਧਰ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ 'ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ, 2023' ਦੀ ਧਾਰਾ 163 ਤਹਿਤ, ਸ਼ੋਰ ਪ੍ਰਦੂਸ਼ਣ ਦੀ ਰੋਕਥਾਮ ਦੇ ਮੱਦੇਨਜ਼ਰ, ਕਮਿਸ਼ਨਰੇਟ ਪੁਲਿਸ ਦੀ ਹਦੂਦ ਅੰਦਰ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਰਿਹਾਇਸ਼ੀ ਖੇਤਰਾਂ ਅੰਦਰ ਹਾਰਨ ਵਜਾਉਣ 'ਤੇ ਪਾਬੰਦੀ ਲਗਾਈ ਏ। ਇਸੇ ਤਰ੍ਹਾਂ ਸਾਊਂਡ ਸਿਸਟਮ ਦੀ ਅਵਾਜ਼ ਅਤੇ ਲਾਊਡ ਸਪੀਕਰਾਂ, ਪਟਾਕਿਆਂ ਅਤੇ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੀ ਅਵਾਜ਼ ਤੈਅ ਹੱਦ ਤੱਕ ਰੱਖਣ ਦੇ ਹੁਕਮ ਜਾਰੀ ਕੀਤੇ

ਗਏ ਨੇ। ਜੇਕਰ ਕਿਸੇ ਵੱਲੋਂ ਇਨ੍ਹਾਂ ਹੁਕਮਾਂ ਦੀ ਉਲੰਘਣਾ ਕੀਤੀ ਜਾਂਦੀ ਏ ਤਾਂ ਸਾਊਂਡ ਸਿਸਟਮ ਅਤੇ ਸਾਮਾਨ ਜਬਤ ਕੀਤਾ ਜਾਵੇਗਾ। ਇਹ ਸਾਰੇ ਹੁਕਮ 23 ਦਿਸੰਬਰ ਤੱਕ ਲਾਗੂ ਰਹਿਣਗੇ।

----------------------------------------------------------

ਫਰੀਦਕੋਟ ਦੇ ਪਿੰਡ ਚੰਦਬਾਜਾ ਵਿਖੇ ਅੱਜ ਇਕ ਬੱਸ ਅਤੇ ਮੋਟਰਸਾਈਕਲ ਦੀ ਟੱਕਰ ਹੋਣ ਕਾਰਨ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਕੇ ਤੇ ਹੀ ਮੌਤ ਹੋ ਗਈ। ਪੁਲਿਸ ਨੇ ਮੌਕੇ ਤੇ ਪੁਹੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਏ।

----------------------------------------------------------

ਮੋਹਾਲੀ ਵਿਖੇ ਚੱਲ ਰਹੇ ਆਜੀਵਿਕਾ ਸਰਸ ਮੇਲੇ ਵਿਚ ਅੱਜ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਮੀਲੇਨੀਅਮ ਸਕੂਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਵਿਦਿਆਰਥੀਆਂ ਨੇ ਲੋਕ-ਗੀਤ, ਲੋਕ-ਨਾਚ, ਨਾਟਕ ਅਤੇ ਕੋਰੀਓਗ੍ਰਾਫੀ ਰਾਹੀਂ ਪਰਾਲੀ ਨਾ ਸਾੜਨ ਦਾ ਸੁਨੇਹਾ ਅਤੇ ਗ੍ਰੀਨ ਦਿਵਾਲੀ ਮਨਾਉਣ ਦਾ ਸੱਦਾ ਵੀ ਦਿੱਤਾ । ਮੇਲੇ ਵਿੱਚ ਉੱਤਰ ਖੇਤਰੀ ਸੱਭਿਆਚਾਰ ਖੇਤਰ ਪਟਿਆਲਾ ਦੇ ਵੱਖ-ਵੱਖ ਲੋਕ-ਨਾਚ, ਜਿੱਥੇ ਲੋਕਾਂ ਦਾ ਮਨੋਰੰਜਨ ਕਰ ਰਹੇ ਨੇ ਉੱਥੇ ਹੀ ਪੰਜਾਬ ਪੁਲਿਸ ਦਾ ਸੱਭਿਆਚਾਰਕ ਬੈਂਡ ਵੀ, ਲੋਕ-ਗੀਤਾਂ ਅਤੇ ਲੋਕ ਨਾਚਾਂ ਰਾਹੀਂ ਮੇਲੀਆਂ ਦੇ ਖਿੱਚ ਦਾ ਕੇਂਦਰ ਬਣਿਆ ਹੋਇਆ ਏ । ਗਰੁੱਪ ਲੀਡਰ

ਹਰਿੰਦਰ ਸਿੰਘ ਢੀਂਡਸਾ, ਅਤੇ ਉਨ੍ਹਾਂ ਦੀ ਟੀਮ ਵੱਲੋਂ ਲੋਕ-ਗੀਤ ਗਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾ ਰਿਹਾ ਏ।

-----------------------------------------------------------

ਪਠਾਨਕੋਟ ਦੇ ਸ਼ਹੀਦ ਸਿਪਾਹੀ ਮੱਖਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਵਿਖੇ 'ਸ਼ਹੀਦਾਂ ਦੇ ਨਾਮ' ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਸਮੇਤ ਹੋਰ ਪਤਵੰਤੇ ਵੀ ਮੌਜੂਦ ਰਹੇ। ਰਵਿੰਦਰ ਸਿੰਘ ਵਿੱਕੀ ਨੇ ਕਿਹਾ ਕਿ ਸਭਾ ਹਰ ਸਾਲ ਆਪਣੇ ਸ਼ਹੀਦ ਸੈਨਿਕਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਅਤੇ ਸਰਹੱਦਾਂ 'ਤੇ ਤਾਇਨਾਤ ਆਪਣੇ ਬਹਾਦਰ ਸੈਨਿਕਾਂ ਦੇ ਮਨੋਬਲ ਨੂੰ ਉਤਸ਼ਾਹਿਤ ਕਰਨ ਲਈ ਇਹ ਤਿਉਹਾਰ ਮਨਾਉਂਦੀ ਏ ਕਿਉਂਕਿ ਸਾਡੇ ਜਵਾਨ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਕੇ ਔਖੇ ਹਾਲਾਤਾਂ 'ਚ ਆਪਣੀ ਡਿਊਟੀ ਨਿਭਾਉਂਦੇ ਨੇ ਤਾਂ ਜੋ ਦੇਸ਼ ਵਾਸੀ ਖੁਸ਼ੀ ਨਾਲ ਤਿਉਹਾਰ ਮਨਾ ਸਕਣ। ਸੇਵਾਮੁਕਤ ਡਿਪਟੀ ਡੀ.ਈ.ਓ ਰਾਜੇਸ਼ਵਰ ਸਲਾਰੀਆ ਨੇ ਕਿਹਾ ਕਿ ਅੱਜ ਦੇਸ਼ ਦੇ ਅਮਰ ਨਾਇਕਾਂ ਦੇ ਨਾਮ 'ਤੇ ਦੀਵਾਲੀ ਦਾ ਪਹਿਲਾ ਦੀਵਾ ਜਗਾਉਣ ਦਾ ਪ੍ਰਣ ਲਿਆ ਏ, ਉਨ੍ਹਾਂ ਹਰ ਕਿਸੇ ਨੂੰ ਹਰੀ ਅਤੇ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ।

---

## ਆਖ਼ਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ- ਦੇਸ਼ ਦੇ ਸਰਵਪੱਖੀ ਵਿਕਾਸ ਲਈ, ਕਬਾਇਲੀ ਲੋਕਾਂ ਦੀ ਸਰਗਰਮ ਭਾਗੀਦਾਰੀ ਜ਼ਰੂਰੀ ਏ।
- ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੱਲ ਸਵੇਰੇ 11 ਵਜੇ, ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿਚ, ਦੇਸ਼ ਵਿਦੇਸ਼ 'ਚ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।
- ਪੰਜਾਬ ਰਾਜ ਭਵਨ ਵਿਖੇ ਜੈਨ ਧਰਮ ਦੇ 24ਵੇਂ ਤੀਰਥੰਕਰ, ਭਗਵਾਨ ਮਹਾਵੀਰ ਦੀ 2550ਵੀਂ ਨਿਰਵਾਣ ਵਰ੍ਹੇਗੰਢ ਦੇ ਸਨਮਾਨ ਵਿੱਚ ਰਾਸ਼ਟਰੀ ਗੋਸ਼ਟੀ ਦਾ ਆਯੋਜਨ।
- ਪੰਜਾਬ ਵਿਜੀਲੈਂਸ ਬਿਊਰੋ ਨੇ,ਅੰਮ੍ਰਿਤਸਰ-ਕੋਲਕਾਤਾ ਕੋਰੀਡੋਰ ਪ੍ਰਾਜੈਕਟ ਦੇ ਜ਼ਮੀਨ ਮੁਆਵਜ਼ੇ ਸਬੰਧੀ ਘੁਟਾਲੇ 'ਚ, ਸ੍ਰੀ ਮੁਕਤਸਰ ਸਾਹਿਬ ਦੇ ADC ਸੁਰਿੰਦਰ ਢਿੱਲੋਂ ਨੂੰ ਕੀਤਾ ਗ੍ਰਿਫ਼ਤਾਰ।